# ਮਦਦ ਇੱਥੇ ਸ਼ੁਰੂ ਹੁੰਦੀ ਹੈ

## ਹਿੰਸਾ ਦਾ ਸ਼ਿਕਾਰ ਲੋਕਾਂ ਲਈ ਮਾਇਕ ਸਹਾਇਤਾ

### ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ

ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ (ਸੀ ਵੀ ਏ ਪੀ) ਮਾਇਕ ਭੱਤਿਆਂ ਦਾ ਇਕ ਪ੍ਰੋਗਰਾਮ ਹੈ ਜੋ ਕਿ ਪੀੜਿਤਾਂ, ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ, ਅਤੇ ਗਵਾਹਾਂ ਦੇ ਹਿੰਸਕ ਜੁਰਮ ਦੇ ਅਸਰਾਂ ਨਾਲ ਸਿੱਝਣ ਲਈ ਹੈ। ਸੀ ਵੀ ਏ ਪੀ ਮਾਇਕ ਘਾਟੇ ਨੂੰ ਘੱਟ ਕਰਨ ਵਿਚ ਅਤੇ ਸੱਟ ਤੋਂ ਠੀਕ ਹੋਣ ਵਿਚ ਮਦਦ ਕਰਦਾ ਹੈ। ਸੀ ਵੀ ਏ ਪੀ ਬ੍ਰਿਟਿਸ਼ ਕੋਲੰਬੀਆ ਭਰ ਦੇ ਪੀੜਿਤਾਂ ਨੂੰ ਸੇਵਾਵਾਂ ਦੇਣ ਵਾਲੇ ਪ੍ਰੋਗਰਾਮਾਂ ਦੇ ਨੈੱਟਵਰਕ ਦਾ ਹਿੱਸਾ ਹੈ।

### ਕੀ ਮੈਂ ਕਰਾਇਮ ਵਿਕਟਿਮ ਅਸਿਸਟੈਂਸ ਬੈਨੇਫਿਟਸ ਲਈ ਅਪਲਾਈ ਕਰ ਸਕਦੀ/ਸਕਦਾ ਹਾਂ?

ਜੇ ਤੁਸੀਂ ਕਿਸੇ ਹਿੰਸਕ ਜੁਰਮ ਤੋਂ ਸਰੀਰਕ ਜਾਂ ਮਾਨਸਿਕ ਤੌਰ 'ਤੇ, ਜਾਂ ਕਿਸੇ ਜੁਰਮ ਨੂੰ ਰੋਕਣ ਜਾਂ ਵਿਅਕਤੀ ਨੂੰ ਫੜਨ ਦੀ ਕੋਸ਼ਿਸ਼ ਦੌਰਾਨ ਜ਼ਖ਼ਮੀ ਹੋਏ ਹੋ ਤਾਂ ਤੁਸੀਂ ਪੀੜਿਤ (ਵਿਕਟਿਮ) ਵਜੋਂ ਬੈਨੇਫਿਟਸ ਲਈ ਅਪਲਾਈ ਕਰ ਸਕਦੇ ਹੋ। ਜੁਰਮ ਦਾ ਬੀ.ਸੀ. ਦੇ ਵਿਚ 1 ਜੁਲਾਈ, 1972 ਤੋਂ ਬਾਅਦ ਵਾਪਰਿਆ ਹੋਣਾ ਜ਼ਰੂਰੀ ਹੈ।

ਤੁਸੀਂ ਤਾਂ ਵੀ ਅਪਲਾਈ ਕਰ ਸਕਦੇ ਹੋ ਜੇ ਤੁਸੀਂ ਕਿਸੇ ਪੀੜਿਤ ਦੇ ਪਰਿਵਾਰ ਦੇ ਫੌਰੀ ਮੈਂਬਰ ਹੋ; ਜਾਂ ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਖਿਲਾਫ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੇ ਜਾਂ ਮਾਰੂ ਜੁਰਮ ਦੇ ਗਵਾਹ ਹੋ ਜੋ ਕਿ ਉਸ ਵਿਅਕਤੀ ਨਾਲ ਕੀਤਾ ਗਿਆ ਸੀ ਜਿਸ ਨਾਲ ਤੁਹਾਡੀ ਨਜ਼ਦੀਕੀ ਜਜ਼ਬਾਤੀ ਸਾਂਝ ਹੈ।

ਸੀ ਵੀ ਏ ਪੀ ਸਿਰਫ ਬੀ.ਸੀ. ਦੇ ਵਸਨੀਕਾਂ ਤੱਕ ਹੀ ਸੀਮਤ ਨਹੀਂ ਹੈ। ਜੇ ਜੁਰਮ ਬੀ.ਸੀ. ਵਿਚ ਹੋਇਆ ਹੈ ਤਾਂ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੱਥੇ ਰਹਿੰਦੇ ਹੋ। ਜੇ ਤੁਸੀਂ ਕਿਸੇ ਅਜਿਹੇ ਜੁਰਮ ਦਾ ਸ਼ਿਕਾਰ ਹੋਏ ਹੋ ਜੋ ਕਿ ਬੀ.ਸੀ. ਤੋਂ ਬਾਹਰ ਕੀਤਾ ਗਿਆ ਸੀ ਤਾਂ ਤੁਹਾਨੂੰ ਉਸ ਥਾਂ ਦੀਆਂ ਵਿਕਟਿਮ ਸਰਵਿਸਿਜ਼ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿੱਥੇ ਜੁਰਮ ਹੋਇਆ ਸੀ।

### ਕਿਹੜੇ ਬੈਨੇਫਿਟਸ ਦਿੱਤੇ ਜਾ ਸਕਦੇ ਹਨ?

ਪੀੜਿਤਾਂ ਲਈ ਬੈਨੇਫਿਟਸ ਵਿਚ ਸ਼ਾਮਲ ਹਨ:

- ਮੈਡੀਕਲ, ਦੰਦਾਂ ਦਾ ਇਲਾਜ ਅਤੇ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ
- ਸਲਾਹ-ਮਸ਼ਵਰਾ (ਕੌਂਸਲਿੰਗ)
- ਹਿਫਾਜ਼ਤੀ ਕਦਮ
- ਉਨ੍ਹਾਂ ਐਨਕਾਂ, ਕੱਪੜਿਆਂ, ਡਿਸਏਬਿਲਟੀ ਵਿਚ ਮਦਦ ਕਰਨ ਵਾਲੇ ਯੰਤਰ ਦੀ ਬਦਲੀ ਜਿਹੜੇ ਖਰਾਬ ਜਾਂ ਤਬਾਹ ਹੋਏ ਹਨ
- ਬੱਚਿਆਂ ਦੀ ਸੰਭਾਲ ਅਤੇ ਘਰ ਦੀ ਸੰਭਾਲ ਦੀਆਂ ਸੇਵਾਵਾਂ
- ਜੁਰਮ ਕਾਰਨ ਪੈਦਾ ਹੋਏ ਬੱਚੇ ਲਈ ਮਦਦ
- ਕੰਮ ਨਾਲ ਸੰਬੰਧਿਤ ਸੇਵਾਵਾਂ
- ਆਮਦਨ ਵਿਚ ਸਹਾਇਤਾ ਜਾਂ ਕਮਾਈ ਦੇ ਨੁਕਸਾਨ ਦੀ ਸਮਾਈ
- ਆਉਣ ਜਾਣ ਦਾ ਖਰਚਾ ਅਤੇ ਇਸ ਨਾਲ ਸੰਬੰਧਿਤ ਹੋਰ ਖਰਚੇ
- ਜੁਰਮ ਦੇ ਸਥਾਨ ਦੀ ਸਫਾਈ

ਜੁਰਮ ਤੋਂ ਗੰਭੀਰ ਡਿਸਏਬਿਲਟੀਜ਼ ਦਾ ਸ਼ਿਕਾਰ ਹੋਣ ਵਾਲਿਆਂ ਲਈ ਹੋਰ ਬੈਨੇਫਿਟਸ ਵੀ ਉਪਲਬਧ ਹਨ।

ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਲਈ ਬੈਨੇਫਿਟਸ ਵਿਚ ਕੌਂਸਲਿੰਗ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ, ਆਉਣਾ ਜਾਣਾ, ਅਤੇ ਜੁਰਮ ਦੇ ਸਥਾਨ ਦੀ ਸਫਾਈ ਸ਼ਾਮਲ ਹਨ। ਉਨ੍ਹਾਂ ਕੇਸਾਂ ਵਿਚ ਜਿੱਥੇ ਮੌਤਾਂ ਹੋਈਆਂ ਹੋਣ, ਬੈਨੇਫਿਟਸ ਵਿਚ ਸੰਸਕਾਰ ਦੇ ਖਰਚੇ, ਸੋਗ ਲਈ ਛੁੱਟੀ, ਅਤੇ ਪਤਨੀਆਂ/ਪਤੀਆਂ, ਬੱਚਿਆਂ, ਅਤੇ ਮਾਇਕ ਤੌਰ 'ਤੇ ਨਿਰਭਰ ਪਰਿਵਾਰ ਦੇ ਮੈਂਬਰਾਂ ਲਈ ਹੋਰ ਬੈਨੇਫਿਟਸ ਵੀ ਸ਼ਾਮਲ ਹਨ।

ਗਵਾਹਾਂ ਲਈ ਬੈਨੇਫਿਟਸ ਵਿਚ ਕੌਂਸਲਿੰਗ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ, ਆਉਣਾ ਜਾਣਾ, ਅਤੇ ਜੁਰਮ ਦੇ ਸਥਾਨ ਦੀ ਸਫਾਈ ਸ਼ਾਮਲ ਹਨ।

### ਕਿਸ ਕਿਸਮ ਦੇ ਨੁਕਸਾਨ ਕਵਰ ਨਹੀਂ ਹਨ?

- ਦਰਦ ਅਤੇ ਤਕਲੀਫ ਲਈ ਮੁਆਵਜ਼ਾ
- ਚੋਰੀ ਹੋਈਆਂ ਚੀਜ਼ਾਂ ਜਾਂ ਪੈਸਿਆਂ ਨਾਲ ਸੰਬੰਧਿਤ ਨੁਕਸਾਨ (ਜੇ ਤੁਸੀਂ ਪ੍ਰਾਪਰਟੀ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਤੁਸੀਂ ਕੁਝ ਨੁਕਸਾਨ ਇਨਸ਼ੋਰੈਂਸ ਕਲੇਮਾਂ, ਸਮਾਲ ਕਲੇਮਜ਼ ਕੋਰਟ ਰਾਹੀਂ ਜਾਂ, ਜੇ ਕੇਸ ਕਰਿਮੀਨਲ ਕੋਰਟ ਨੂੰ ਜਾਂਦਾ ਹੈ ਤਾਂ ਘਾਟਾ ਪੂਰਤੀ ਰਾਹੀਂ ਕੁਝ ਘਾਟੇ ਪੂਰੇ ਕਰਨ ਦੇ ਯੋਗ ਹੋ ਸਕਦੇ ਹੋ)
- ਜਿਹੜੀਆਂ ਘਟਨਾਵਾਂ ਕੰਮ ਵਾਲੀ ਥਾਂ 'ਤੇ ਵਾਪਰਦੀਆਂ ਹਨ, ਜੇ ਵਰਕਰਜ਼ ਕੰਪਨਸੇਸ਼ਨ ਦੇਣਯੋਗ ਹੈ
- ਮੋਟਰ ਵਹੀਕਲ ਐਕਸੀਡੈਂਟ
- ਹੋਰ ਬੈਨੇਫਿਟਸ ਪ੍ਰੋਗਰਾਮਾਂ ਜਾਂ ਇਨਸ਼ੋਰੈਂਸ ਪਲੈਨਾਂ ਤੋਂ ਮਿਲਣ ਵਾਲੀਆਂ ਸੇਵਾਵਾਂ ਜਾਂ ਪੇਮੈਂਟਾਂ

### ਬੈਨੇਫਿਟਸ ਲਈ ਮੈਂ ਅਪਲਾਈ ਕਿਵੇਂ ਕਰਨਾ ਹੈ?

ਪੀੜਿਤਾਂ, ਪਰਿਵਾਰ ਦੇ ਨਜ਼ਦੀਕੀ ਮੈਂਬਰਾਂ, ਅਤੇ ਗਵਾਹਾਂ ਲਈ ਵੱਖੋ ਵੱਖਰੇ ਅਰਜ਼ੀ ਫਾਰਮ ਹਨ। ਫਾਰਮ www.pssg.gov.bc.ca/victimservices/financial 'ਤੇ ਔਨਲਾਈਨ, ਸੀ ਵੀ ਏ ਪੀ ਦੇ ਦਫਤਰ, ਜਾਂ ਲੋਕਲ ਵਿਕਟਿਮ ਸਰਵਿਸਿਜ਼ ਤੋਂ ਲਏ ਜਾ ਸਕਦੇ ਹਨ। ਆਪਣੇ ਇਲਾਕੇ ਵਿਚ ਵਿਕਟਿਮ ਸਰਵਿਸਿਜ਼ ਦਾ ਪਤਾ ਲਾਉਣ ਲਈ **ਵਿਕਟਿਮਲਿੰਕ ਬੀ ਸੀ ਨੂੰ 1-800-563-0808 'ਤੇ ਮੁਫਤ ਫੋਨ ਕਰੋ** (ਦਿਨ ਦੇ 24 ਘੰਟੇ ਉਪਲਬਧ ਅਤੇ ਬਹੁਭਾਸ਼ਾਈ) । ਉੱਚਾ ਸੁਣਨ ਵਾਲੇ ਲੋਕਾਂ ਲਈ 604-875-0885 'ਤੇ ਟੀ ਟੀ ਵਾਈ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ। 604-836-6381 'ਤੇ ਟੈਕਸਟ ਕਰੋ।

ਆਪਣੀ ਅਰਜ਼ੀ ਭਰਨ ਵੇਲੇ, ਇਸ 'ਤੇ ਦੱਸੀ ਗਈ ਥਾਂ 'ਤੇ ਦਸਖ਼ਤ ਕਰਨਾ ਯਾਦ ਰੱਖੋ। ਜੁਰਮ ਨਾਲ ਸੰਬੰਧਿਤ ਖਰਚਿਆਂ ਦੀਆਂ ਅਸਲੀ ਰਸੀਦਾਂ ਨਾਲ ਲਾਉ। ਫਾਰਮ 'ਤੇ ਲਿਖੇ



ਐਡਰੈਸ 'ਤੇ ਆਪਣੀ ਅਰਜ਼ੀ ਡਾਕ ਰਾਹੀਂ ਭੇਜੋ। *ਬੱਚਿਆਂ (19 ਸਾਲ ਤੋਂ ਘੱਟ) ਲਈ ਉਨ੍ਹਾਂ ਦੀ ਤਰਫੋਂ ਮਾਪੇ ਜਾਂ ਗਾਰਡੀਅਨ ਨੂੰ ਅਪਲਾਈ ਕਰਨ ਦੀ ਲੋੜ ਨਹੀਂ ਹੈ ਜੇ ਉਹ ਆਪ ਅਪਲਾਈ ਕਰਨ ਦੇ ਯੋਗ ਹਨ।*

## ਅਪਲਾਈ ਕਰਨ ਲਈ ਕੀ ਮੇਰੇ ਲਈ ਸਮੇਂ ਦੀ ਕੋਈ ਅੰਤਿਮ ਹੱਦ ਹੈ?

ਤੁਹਾਨੂੰ ਜੁਰਮ ਤੋਂ ਬਾਅਦ ਜਿੰਨਾ ਵੀ ਛੇਤੀ ਹੋ ਸਕਦਾ ਅਪਲਾਈ ਕਰਨਾ ਚਾਹੀਦਾ ਹੈ। ਤੁਹਾਨੂੰ ਚਾਰਜ ਲੱਗਣ ਜਾਂ ਅਪਰਾਧੀ ਦੇ ਦੋਸ਼ੀ ਸਾਬਤ ਹੋਣ ਤੱਕ ਉਡੀਕ ਕਰਨ ਦੀ ਲੋੜ ਨਹੀਂ ਹੈ। ਬਹੁਤੇ ਕੇਸਾਂ ਵਿਚ, ਤੁਹਾਡੀ ਅਰਜ਼ੀ ਜੁਰਮ ਹੋਣ ਦੀ ਤਾਰੀਕ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ ਮਿਲਣੀ ਜ਼ਰੂਰੀ ਹੈ। ਛੋਟਾਂ ਇਹ ਹਨ:

- ਕਾਮੁਕ ਹਮਲਿਆਂ ਦੇ ਪੀੜਿਤਾਂ ਲਈ ਅਰਜ਼ੀ ਦੇਣ ਦੀ ਸਮੇਂ ਦੀ ਕੋਈ ਹੱਦ ਨਹੀਂ ਹੈ
- ਬੱਚਿਆਂ ਕੋਲ 20 ਸਾਲ ਤੱਕ ਦੇ ਹੋਣ ਤੱਕ ਦਾ ਸਮਾਂ ਹੈ (ਜੇ ਇਹ ਕਾਮੁਕ ਹਮਲਾ ਸੀ ਤਾਂ ਸਮੇਂ ਦੀ ਕੋਈ ਅੰਤਿਮ ਹੱਦ ਨਹੀਂ ਹੈ)
- ਖਾਸ ਹਾਲਤਾਂ ਵਿਚ ਲੇਟ ਅਰਜ਼ੀਆਂ ਨੂੰ ਆਗਿਆ ਦਿੱਤੀ ਜਾ ਸਕਦੀ ਹੈ

## ਜੇ ਮੈਂ ਹੋਰ ਵਸੀਲਿਆਂ ਤੋਂ ਬੈਨੇਫਿਟਸ ਲਈ ਹੱਕਦਾਰ ਹੋਵਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਹੋਰ ਵਸੀਲਿਆਂ ਤੋਂ ਬੈਨੇਫਿਟਸ ਲਈ ਯੋਗ ਹੋਵੋ ਤਾਂ ਤੁਹਾਡੇ ਲਈ ਉਨ੍ਹਾਂ ਲਈ ਅਪਲਾਈ ਕਰਨਾ ਜ਼ਰੂਰੀ ਹੈ। ਸੀ ਵੀ ਏ ਪੀ ਕਿਸੇ ਵੀ ਰਕਮ ਦਾ ਹਿਸਾਬ ਲਾਉਂਦਾ ਹੈ ਜਿਹੜੀ ਤੁਹਾਨੂੰ ਹੋਰ ਵਸੀਲਿਆਂ ਤੋਂ ਜੁਰਮ ਦੇ ਸਬੰਧ ਵਿਚ ਮਿਲੀ ਹੈ ਜਾਂ ਮਿਲਣਯੋਗ ਹੈ ਜਿਵੇਂ ਕਿ ਬੈਨੇਫਿਟਸ ਪ੍ਰੋਗਰਾਮ ਜਾਂ ਇਨਸ਼ੋਰੈਂਸ ਪਲੈਨਾਂ। ਇਨ੍ਹਾਂ ਵਸੀਲਿਆਂ ਤੋਂ ਮਿਲਣ ਵਾਲੇ ਬੈਨੇਫਿਟਸ ਸੀ ਵੀ ਏ ਪੀ ਬੈਨੇਫਿਟਸ ਵਿੱਚੋਂ ਕੱਟੇ ਜਾਣੇ ਜ਼ਰੂਰੀ ਹਨ।

## ਮੇਰੇ ਅਪਲਾਈ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਡੀ ਅਰਜ਼ੀ ਰਜਿਸਟਰ ਕੀਤੀ ਜਾਵੇਗੀ ਅਤੇ ਤੁਹਾਨੂੰ ਆਪਣੇ ਕਲੇਮ ਨੰਬਰ ਨਾਲ ਇਕ ਚਿੱਠੀ ਮਿਲੇਗੀ। ਸੀ ਵੀ ਏ ਪੀ ਦਾ ਸਟਾਫ ਤੁਹਾਡੇ ਕਲੇਮ ਨਾਲ ਸੰਬੰਧਿਤ ਜਾਣਕਾਰੀ ਇਕੱਠੀ ਕਰੇਗਾ, ਜਿਵੇਂ ਕਿ ਪੁਲੀਸ, ਡਾਕਟਰਾਂ ਜਾਂ ਹੋਰਨਾਂ ਦੀਆਂ ਰਿਪੋਰਟਾਂ। ਸੀ ਵੀ ਏ ਪੀ ਦਾ ਸਟਾਫ ਹੋਰ ਜਾਣਕਾਰੀ ਜਾਂ ਸਪਸ਼ਟੀਕਰਨ ਲਈ ਤੁਹਾਡੇ ਨਾਲ ਵੀ ਸੰਪਰਕ ਕਰ ਸਕਦਾ ਹੈ। *ਜੇ ਤੁਸੀਂ ਮੂਵ ਹੋ ਜਾਵੋ ਤਾਂ ਇਹ ਪੱਕਾ ਕਰੋ ਕਿ ਤੁਸੀਂ ਸੀ ਵੀ ਏ ਪੀ ਨੂੰ ਆਪਣਾ ਨਵਾਂ ਐਡਰੈਸ ਅਤੇ ਫੋਨ ਨੰਬਰ ਦੇ ਦਿੱਤਾ ਹੈ।*

## ਕਿਸੇ ਕਲੇਮ ਤੋਂ ਨਾਂਹ ਕਿਉਂ ਹੋ ਸਕਦੀ ਹੈ?

ਕਾਰਨਾਂ ਵਿਚ ਸ਼ਾਮਲ ਹੋ ਸਕਦੇ ਹਨ:

- ਨਾਕਾਫੀ ਸਬੂਤ
- ਜੁਰਮ ਵਿਚ ਅਸਿੱਧਾ ਜਾਂ ਸਿੱਧਾ ਯੋਗਦਾਨ
- ਮੁਜਰਮਾਨਾ ਪੜਤਾਲ ਜਾਂ ਪੈਰਵੀ ਮੁਕੱਦਮੇ ਵਿਚ ਸਹਿਯੋਗ ਕਰਨ ਵਿਚ ਫੇਲ੍ਹ ਹੋਣਾ

ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਜਾਂ ਗਵਾਹਾਂ ਨੂੰ ਬੈਨੇਫਿਟਸ ਦਿੱਤੇ ਜਾਣ ਲਈ ਯੋਗ ਪੀੜਿਤ ਦਾ ਹੋਣਾ ਜ਼ਰੂਰੀ ਹੈ। ਜੇ ਕਿਸੇ ਪੀੜਿਤ ਦੇ ਕੇਸ ਨੂੰ ਨਾਂਹ ਹੋ ਜਾਂਦੀ ਹੈ ਤਾਂ ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਜਾਂ ਗਵਾਹਾਂ ਲਈ ਬੈਨੇਫਿਟਸ ਉਪਲਬਧ ਨਹੀਂ ਹਨ।

## ਜੇ ਮੇਰੀਆਂ ਹਾਲਤਾਂ ਵਿਚ ਕੋਈ ਤਬਦੀਲੀ ਹੋ ਜਾਵੇ ਜਾਂ ਨਵੀਂ ਜਾਣਕਾਰੀ ਮਿਲੇ ਤਾਂ ਕੀ ਹੋਵੇਗਾ?

ਆਪਣੀਆਂ ਹਾਲਤਾਂ ਵਿਚ ਕੋਈ ਤਬਦੀਲੀਆਂ ਹੋਣ 'ਤੇ ਕਿਰਪਾ ਕਰਕੇ ਸੀ ਵੀ ਏ ਪੀ ਦੇ ਸਟਾਫ ਨੂੰ ਛੇਤੀ ਤੋਂ ਛੇਤੀ ਦੱਸੋ ਜਿਵੇਂ ਕਿ ਕਿਸੇ ਸੱਟ ਦਾ ਬਦਤਰ ਹੋਣਾ ਜਾਂ ਇਸ ਵਿਚ ਸੁਧਾਰ ਹੋਣਾ, ਕੰਮ ਛੱਡਣਾ ਜਾਂ ਕੰਮ 'ਤੇ ਵਾਪਸ ਜਾਣਾ, ਜਾਂ ਹੋਰ ਵਾਧੂ ਖਰਚੇ। ਇਸ ਵਿਚ ਉਹ ਕੋਈ ਵੀ ਸਬੂਤ ਸ਼ਾਮਲ ਹੋ ਸਕਦਾ ਹੈ ਜਿਹੜਾ ਪਹਿਲਾਂ ਉਪਲਬਧ ਨਹੀਂ ਸੀ। ਇਹ ਦੇਖਣ ਲਈ ਨਵੀਂ ਜਾਣਕਾਰੀ 'ਤੇ ਵਿਚਾਰ ਕੀਤਾ ਜਾਵੇਗਾ ਕਿ ਕੀ ਇਹ ਬੈਨੇਫਿਟਸ ਲਈ ਤੁਹਾਡੀ ਹੱਕਦਾਰੀ 'ਤੇ ਅਸਰ ਪਾਉਂਦੀ ਹੈ ਜਾਂ ਨਹੀਂ। ਨਤੀਜੇ ਬਾਰੇ ਤੁਹਾਨੂੰ ਲਿਖਤੀ ਰੂਪ ਵਿਚ ਦੱਸਿਆ ਜਾਵੇਗਾ।

## ਜੇ ਮੈਨੂੰ ਇਹ ਲੱਗੇ ਕਿ ਗਲਤੀ ਕੀਤੀ ਗਈ ਸੀ ਤਾਂ ਕੀ ਹੋਵੇਗਾ?

ਜੇ ਕੋਈ ਨਵੀਂ ਜਾਣਕਾਰੀ ਨਾ ਹੋਵੇ ਪਰ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਫੈਸਲੇ ਵਿਚ ਇਕ ਵੱਡੀ ਗਲਤੀ ਕੀਤੀ ਗਈ ਸੀ ਤਾਂ ਤੁਹਾਨੂੰ 60 ਦਿਨਾਂ ਦੇ ਵਿਚ ਵਿਚ ਰਿਵੀਊ ਲਈ ਲਿਖਤੀ ਬੇਨਤੀ ਦਰਜ ਕਰਵਾਉਣੀ ਪਵੇਗੀ। ਤੁਹਾਨੂੰ ਇਹ ਦੱਸਣਾ ਪਵੇਗਾ ਕਿ ਕਿਹੜੀ ਗਲਤੀ ਕੀਤੀ ਗਈ ਸੀ। ਫੈਸਲੇ 'ਤੇ ਮੁੜ-ਵਿਚਾਰ ਕੀਤੀ ਜਾਵੇਗੀ ਅਤੇ ਨਤੀਜੇ ਬਾਰੇ ਤੁਹਾਨੂੰ ਲਿਖਤੀ ਰੂਪ ਵਿਚ ਦੱਸਿਆ ਜਾਵੇਗਾ।

## ਜੇ ਮੈਂ ਅਪਰਾਧੀ 'ਤੇ ਮੁਕੱਦਮਾ ਕਰਾਂ ਤਾਂ ਕੀ ਹੋਵੇਗਾ?

ਤੁਸੀਂ ਬੈਨੇਫਿਟਸ ਲੈ ਸਕਦੇ ਹੋ, ਭਾਵੇਂ ਤੁਸੀਂ ਅਪਰਾਧੀ 'ਤੇ ਮੁਕੱਦਮਾ ਕਰੋ ਜਾਂ ਨਾ ਕਰੋ। ਜੇ ਤੁਸੀਂ ਮੁਕੱਦਮਾ ਕਰਦੇ ਹੋ ਅਤੇ ਕਾਮਯਾਬ ਹੋ ਜਾਂਦੇ ਹੋ ਤਾਂ ਤੁਹਾਨੂੰ ਸੀ ਵੀ ਏ ਪੀ ਤੋਂ ਮਿਲੇ ਕੁਝ ਜਾਂ ਸਾਰੇ ਬੈਨੇਫਿਟਸ ਵਾਪਸ ਦੇਣੇ ਪੈ ਸਕਦੇ ਹਨ।

## ਮੈਂ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਨਾਲ ਸੰਪਰਕ ਕਿਵੇਂ ਕਰ ਸਕਦਾ/ਸਕਦੀ ਹਾਂ?

- ਲੋਅਰ ਮੇਨਲੈਂਡ ਵਿਚ (604) 660-3888 'ਤੇ ਜਾਂ ਬੀ ਸੀ ਵਿਚ 1-866-660-3888 'ਤੇ ਮੁਫਤ ਫੋਨ ਕਰੋ
- ਈਮੇਲ: cvap@gov.bc.ca
- ਵੈੱਬਸਾਈਟ: www.pssg.gov.bc.ca/victimservices/financial